2026117438
18/9/2026

# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,
ਫੇਜ਼-8, ਐੱਸ.ਏ.ਐੱਸ.ਨਗਰ ਫੋਨ ਨੰ: 0172-2212221

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਪੰਜਾਬ।
ਸਬੰਧਤ ਸਮੂਹ ਸਕੂਲ ਮੁਖੀ (ਸੂਚੀ ਅਨੁਸਾਰ), ਪੰਜਾਬ।

ਮੀਮੋ ਨੰਬਰ:YNV/924652/੩੫। ਮਿਤੀ: 17.09.2026

**ਵਿਸ਼ਾ: ਗਲੋਬਲ ਯੂਥ ਟੋਬੈਕੋ ਸਰਵੇ (GYTS-5) ਦੇ ਪੰਜਵੇਂ ਦੌਰ ਦੇ ਸੰਚਾਲਨ ਲਈ ਪੂਰਨ ਸਹਿਯੋਗ ਦੇਣ ਸਬੰਧ ਵਿੱਚ।**

ਹਵਾਲਾ: ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦਾ ਪੱਤਰ ਨੰ: NTCP/PB/2026/111, ਮਿਤੀ 02.09.2026.

**1.0** ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਪੂਰੇ ਦੇਸ਼ ਵਿੱਚ 'ਗਲੋਬਲ ਯੂਥ ਟੋਬੈਕੋ ਸਰਵੇ' ਦਾ ਪੰਜਵਾਂ ਦੌਰ ਕਰਵਾਇਆ ਜਾ ਰਿਹਾ ਹੈ। ਇਸ ਸਰਵੇਖਣ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ 'ਨੈਸ਼ਨਲ ਇੰਸਟੀਚਿਊਟ ਆਫ਼ ਐਪੀਡੈਮਿਓਲੋਜੀ', ਚੇਨਈ ਨੂੰ ਨੈਸ਼ਨਲ ਨੋਡਲ ਏਜੰਸੀ ਨਿਯੁਕਤ ਕੀਤਾ ਗਿਆ ਹੈ।

**2.0** **ਸਰਵੇਖਣ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:**

- **ਸਰਵੇਖਣ ਦਾ ਸਰੂਪ:** ਇਹ ਇੱਕ ਸਕੂਲ-ਅਧਾਰਤ ਸਰਵੇਖਣ ਹੈ, ਜਿਸ ਵਿੱਚ 13 ਤੋਂ 15 ਸਾਲ ਦੇ ਅੱਠਵੀਂ, ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਜਾਣਾ ਹੈ।
- **ਮੁੱਖ ਮਨੋਰਥ:** ਨੌਜਵਾਨਾਂ ਵਿੱਚ ਤੰਬਾਕੂ ਦੀ ਵਰਤੋਂ ਦੇ ਪੈਟਰਨ ਅਤੇ ਸੈਕਿੰਡ-ਹੈਂਡ ਸਮੋਕ (ਦੂਜੇ ਵਿਅਕਤੀ ਦੇ ਧੂੰਏਂ) ਦੇ ਪ੍ਰਭਾਵਾਂ ਅਤੇ ਜੋਖਮਾਂ ਦਾ ਮੁਲਾਂਕਣ ਕਰਨਾ ਹੈ।
- **ਸਮਾਂ ਸੀਮਾ:** ਪੰਜਾਬ ਰਾਜ ਦੇ ਚੁਣੇ ਗਏ ਸਕੂਲਾਂ ਵਿੱਚ ਇਹ ਸਰਵੇਖਣ ਅਗਸਤ 2026 ਤੋਂ ਦਸੰਬਰ 2026 ਦਰਮਿਆਨ ਕਰਵਾਇਆ ਜਾ ਰਿਹਾ ਹੈ।

**3.0** ਇਸ ਰਾਸ਼ਟਰੀ ਮਹੱਤਵ ਦੇ ਸਰਵੇਖਣ ਲਈ ਪੰਜਾਬ ਰਾਜ ਦੇ ਚੁਣੇ ਗਏ ਸਕੂਲਾਂ ਦੀ ਸੂਚੀ (ਕਾਪੀ ਨੱਥੀ) ਇਸ ਪੱਤਰ ਦੇ ਨਾਲ ਭੇਜੀ ਜਾ ਰਹੀ ਹੈ।

**4.0** ਸਬੰਧਤ ਜਿਲ੍ਹੇ ਦਾ ਜਿਲ੍ਹਾ ਨੋਡਲ ਅਫਸਰ ਇਸ ਸਮੁਚੇ ਕਾਰਜ ਸਬੰਧੀ ਤਾਲਮੇਲ'ਚ'ਕੰਮ ਕਰੇਗਾ।

.0 ਇਸ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਅਤੇ ਸਬੰਧਤ ਸਕੂਲ ਮੁਖੀਆਂ ਨੂੰ ਹੇਠ ਲਿਖੇ ਅਨੁਸਾਰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ:

- **ਲੋੜੀਂਦੀ ਪ੍ਰਵਾਨਗੀ ਅਤੇ ਸਹਿਯੋਗ:** ਸਬੰਧਤ ਸਕੂਲ ਮੁਖੀ ਆਪਣੇ ਸਕੂਲ ਵਿੱਚ ਸਰਵੇਖਣ ਟੀਮ ਨੂੰ ਸਰਵੇਖਣ ਕਰਨ ਲਈ ਲੋੜੀਂਦੀ ਪ੍ਰਵਾਨਗੀ, ਢੁਕਵੀਂ ਜਗ੍ਹਾ ਅਤੇ ਪੂਰਨ ਸਹਿਯੋਗ ਦੇਣਾ ਯਕੀਨੀ ਬਣਾਉਣਗੇ।
- **ਨਿਗਰਾਨੀ:** ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਆਪਣੇ ਜ਼ਿਲ੍ਹੇ ਦੇ ਚੁਣੇ ਗਏ ਸਕੂਲਾਂ ਵਿੱਚ ਇਸ ਸਰਵੇਖਣ ਦੀ ਪ੍ਰਕਿਰਿਆ ਦੀ ਨਿਗਰਾਨੀ ਕਰਨਗੇ ਤਾਂ ਜੋ ਸਰਵੇਖਣ ਬਿਨਾਂ ਕਿਸੇ ਰੁਕਾਵਟ ਦੇ ਸੁਚਾਰੂ ਢੰਗ ਨਾਲ ਮੁਕੰਮਲ ਹੋ ਸਕੇ।

ਨੱਥੀ: ਚੁਣੇ ਗਏ ਸਕੂਲਾਂ ਦੀ ਸੂਚੀ।

ਕਿਰਨ ਸ਼ਰਮਾ ਪੀ.ਸੀ.ਐਸ.
ਡਾਇਰੈਕਟਰ
ਐੱਸ.ਸੀ.ਈ.ਆਰ.ਟੀ.,ਪੰਜਾਬ।
ਮਿਤੀ: 17.09.2026

ਪਿੱਠ ਅੰਕਣ ਨੰ:ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

**1.0** ਪੀ.ਏ.ਟੂ ਮਾਨਯੋਗ ਪ੍ਰਿੰਸੀਪਲ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ,,ਪੰਜਾਬ।

**2.0** ਪੀ.ਏ.ਟੂ ਮਾਨਯੋਗ ਸਕੱਤਰ, ਸਕੂਲ ਸਿੱਖਿਆ,ਪੰਜਾਬ।

**3.0** ਪੀ.ਏ.ਟੂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।

**4.0** ਪੀ.ਏ.ਟੂ ਡਾਇਰੈਕਟਰ ਐੱਸ.ਸੀ.ਈ.ਆਰ.ਟੀ.,ਪੰਜਾਬ।

**5.0** ਜ਼ਿਲ੍ਹਾ ਨੋਡਲ ਅਫਸਰ, ਪੰਜਾਬ।

(ਡਾ.ਬਲਵਿੰਦਰ ਸਿੰਘ ਸੈਣੀ)
ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ.,ਪੰਜਾਬ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 5046 ਮਿਤੀ : 18-09-26

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

18/09/26

(ਡ) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।